# ਔਨਲਾਈਨ ਜਾਓ

gov.uk/register-to-vote'ਤੇ ਇਸ ਫਾਰਮ ਨੂੰ ਭਰਨਾ ਵਧੇਰੇ ਤੇਜ਼ ਅਤੇ ਅਸਾਨ ਹੈ

# ਵੋਟ ਪਾਉਣ ਲਈ ਰਜਿਸਟਰ ਕਰੋ

## ਵੋਟ ਪਾਉਣ ਲਈ ਰਜਿਸਟਰ ਹੋਣਾ

**ਤੁਸੀਂ ਵੋਟ ਪਾਉਣ ਲਈ ਰਜਿਸਟਰ ਹੋ ਸਕਦੇ ਹੋ ਜੇ ਤੁਸੀਂ:**

- ਯੂਕੇ ਦੇ ਨਿਵਾਸੀ ਹੋਵੋ (ਆਮ ਤੌਰ 'ਤੇ ਰਹਿੰਦੇ ਹੋਵੋ) ਅਤੇ ਤੁਹਾਡੀ ਉਮਰ 16 ਸਾਲ ਜਾਂ ਵੱਧ ਹੋਵੇ (ਪਰ ਤੁਸੀਂ 18 ਸਾਲ ਹੋ ਜਾਣ ਤੱਕ ਵੋਟ ਨਹੀਂ ਪਾ ਸਕੋਗੇ)।

**ਇਹ ਜ਼ਰੂਰੀ ਹੈ ਕਿ ਤੁਸੀਂ ਜਾਂ ਤਾਂ:**

- ਬ੍ਰਿਟਿਸ਼, ਆਇਰਿਸ਼ ਜਾਂ ਯੂਰਪੀ ਯੂਨਿਅਨ ਦੇ ਨਾਗਰਿਕ ਹੋਵੋ, ਜਾਂ
- ਕੋਈ ਕਾਮਨਵੈਲਥ ਨਾਗਰਿਕ ਹੋਵੋ ਜਿਸਦੇ ਕੋਲ ਯੂਕੇ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਆਗਿਆ ਹੈ ਜਾਂ ਜਿਸਨੂੰ ਅਜਿਹੀ ਆਗਿਆ ਦੀ ਲੋੜ ਨਹੀਂ ਹੈ।

ਇਸ ਫਾਰਮ 'ਤੇ ਬੇਨਤੀ ਕੀਤੀ ਗਈ ਸਾਰੀ ਜਾਣਕਾਰੀ ਦੇਣੀ ਜ਼ਰੂਰੀ ਹੈ (ਜਦ ਤੱਕ ਕਿ ਕੁਝ ਹੋਰ ਨਾ ਕਿਹਾ ਗਿਆ ਹੋਵੇ) ਨਹੀਂ ਤਾਂ ਤੁਹਾਡੀ ਅਰਜ਼ੀ ਵਿੱਚ ਦੇਰੀ ਹੋ ਸਕਦੀ ਹੈ।

## 1 ਤੁਹਾਡਾ ਨਾਮ ਅਤੇ ਪਤਾ

ਨਾਮ ਦਾ/ਦੇ ਪਹਿਲਾ ਹਿੱਸਾ(ਹਿੱਸੇ) ________

ਉਪਨਾਮ ________

ਤੁਹਾਡਾ ਪਤਾ ________

ਪੋਸਟਕੋਡ ________

ਕੀ ਤੁਸੀਂ ਕਿਸੇ ਹੋਰ ਪਤੇ 'ਤੇ ਵੀ ਰਹਿੰਦੇ ਹੋ? ਕਿਰਪਾ ਕਰਕੇ ਨਿਸ਼ਾਨ ਲਗਾਓ। ☐ ਨਹੀਂ ☐ ਹਾਂ

ਜੇ ਹਾਂ, ਤਾਂ ਤੁਹਾਡੇ ਲਈ ਸਾਨੂੰ ਇਹ ਪਤਾ ਦੇਣਾ ਜ਼ਰੂਰੀ ਨਹੀਂ ਹੈ ਪਰ ਅਸੀਂ ਬਾਅਦ ਵਿੱਚ ਹੋਰ ਜਾਣਕਾਰੀ ਮੰਗ ਸਕਦੇ ਹਾਂ।

ਫੋਨ ਨੰਬਰ (ਵਿਕਲਪਿਕ) ________

ਈਮੇਲ (ਵਿਕਲਪਿਕ) ________

ਕੋਈ ਈਮੇਲ ਪਤਾ ਜਾਂ ਫੋਨ ਨੰਬਰ ਮੁਹੱਈਆ ਕਰਨ ਨਾਲ ਤੁਹਾਡੀ ਅਰਜ਼ੀ ਦੇ ਸੰਬੰਧ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਦਾ ਤੇਜ਼ ਅਤੇ ਆਸਾਨ ਤਰੀਕਾ ਮਿਲਦਾ ਹੈ।

## ਗਲਤ ਜਾਣਕਾਰੀ

ਜੇ ਅਸੀਂ ਅਜਿਹੀ ਜਾਣਕਾਰੀ ਛਾਪੀ ਹੈ ਜੋ ਗਲਤ ਹੈ, ਤਾਂ ਕਿਰਪਾ ਕਰਕੇ ਇਸਨੂੰ ਕੱਟ ਦਿਓ ਅਤੇ ਸਹੀ ਜਾਣਕਾਰੀ ਲਿਖੋ।

## 2 ਤੁਹਾਡੀ ਰਾਸ਼ਟਰੀਅਤਾ

________

ਜੇ ਤੁਹਾਡੇ ਕੋਲ ਇੱਕ ਤੋਂ ਵੱਧ ਰਾਸ਼ਟਰੀਅਤਾ ਹੈ, ਤਾਂ ਕਿਰਪਾ ਕਰਕੇ ਉਹਨਾਂ ਸਭ ਨੂੰ ਸ਼ਾਮਲ ਕਰੋ।
(ਆਪਣੀ ਰਾਸ਼ਟਰੀਅਤਾ ਪਤਾ ਨਹੀਂ ਹੈ? ਕਿਰਪਾ ਕਰਕੇ ਸੈਕਸ਼ਨ 9 ਦੇਖੋ)।

(ਹੋਰ ਜਾਣਕਾਰੀ ਪੰਨਾ 4 'ਤੇ)

## 3 ਕੀ ਪਿਛਲੇ 12 ਮਹੀਨਿਆਂ ਵਿੱਚ ਤੁਸੀਂ ਘਰ ਬਦਲਿਆ ਹੈ?

ਕਿਰਪਾ ਕਰਕੇ ਨਿਸ਼ਾਨ ਲਗਾਓ। ☐ ਨਹੀਂ ☐ ਹਾਂ

ਜੇ ਹਾਂ, ਤਾਂ ਕਿਰਪਾ ਕਰਕੇ ਕੋਈ ਵੀ ਪੁਰਾਣਾ ਪਤਾ ਦਿਓ ਜਿੱਥੇ ਤੁਸੀਂ ਪਿਛਲੇ ਸਾਲ ਦੇ ਦੌਰਾਨ ਰਹੇ ਹੋ, ਨਹੀਂ ਤਾਂ ਤੁਹਾਡੀ ਅਰਜ਼ੀ ਵਿੱਚ ਦੇਰੀ ਹੋ ਸਕਦੀ ਹੈ।

________

ਪੋਸਟਕੋਡ ________

ਜੇ ਇਹ ਪਤਾ ਵਿਦੇਸ਼ ਵਿੱਚ ਸੀ, ਤਾਂ ਕੀ ਤੁਸੀਂ ਯੂਕੇ ਵਿੱਚ ਇੱਕ ਵਿਦੇਸ਼ੀ ਵੋਟਰ ਦੇ ਰੂਪ ਵਿੱਚ ਰਜਿਸਟਰਡ ਸੀ? ਕਿਰਪਾ ਕਰਕੇ ਸਹੀ ਦਾ ਨਿਸ਼ਾਨ ਲਗਾਓ। ☐ ਨਹੀਂ ☐ ਹਾਂ

( Barcode goes here)

## 4 ਤੁਹਾਡੀ ਜਨਮ ਮਿਤੀ

ਦਿ ਦਿ ਮ ਮ ਸਾ ਸਾ ਸਾ ਸਾ

ਜੇ ਤੁਹਾਨੂੰ ਆਪਣੀ ਜਨਮ ਮਿਤੀ ਪਤਾ ਨਹੀਂ ਹੈ ਤਾਂ ਕਿਰਪਾ ਕਰਕੇ ਸਹੀ ਦਾ ਨਿਸ਼ਾਨ ਲਗਾਓ ਕਿ ਕੀ ਤੁਹਾਡੀ ਉਮਰ:

18 ਸਾਲ ਤੋਂ ਘੱਟ ਹੈ ☐ 18-75 ਸਾਲ ਦੇ ਵਿੱਚ ਹੈ ☐ 76 ਸਾਲ ਜਾਂ ਇਸ ਤੋਂ ਵੱਧ ਹੈ ☐

(ਕੀ ਤੁਹਾਨੂੰ ਆਪਣੀ ਜਨਮ ਮਿਤੀ ਪਤਾ ਨਹੀਂ ਹੈ? ਕਿਰਪਾ ਕਰਕੇ ਸੈਕਸ਼ਨ 9 ਦੇਖੋ)।

(ਹੋਰ ਜਾਣਕਾਰੀ ਪੰਨਾ 4 'ਤੇ)

## 5 ਤੁਹਾਡਾ ਨੈਸ਼ਨਲ ਇੰਸ਼ੋਰੈਂਸ ਨੰਬਰ

ਇਹ ਤੁਹਾਨੂੰ ਤੁਹਾਡੀ ਪੇ-ਸਲਿਪ (ਤਨਖ਼ਾਹ ਦੀ ਪਰਚੀ) 'ਤੇ, ਜਾਂ ਟੈਕਸ, ਪੈਨਸ਼ਨ ਜਾਂ ਬੈਨਿਫ਼ਿਟਾਂ ਬਾਰੇ ਅਧਿਕਾਰਕ ਚਿੱਠੀਆਂ 'ਤੇ ਮਿਲ ਸਕਦਾ ਹੈ।

ਕੀ ਤੁਹਾਨੂੰ ਆਪਣਾ ਨੈਸ਼ਨਲ ਇੰਸ਼ੋਰੈਂਸ ਨੰਬਰ ਪਤਾ ਨਹੀਂ ਹੈ? ਕਿਰਪਾ ਕਰਕੇ ਸੈਕਸ਼ਨ 9 ਦੇਖੋ)।

## 6 ਕੀ ਤੁਸੀਂ ਆਪਣਾ ਨਾਮ ਬਦਲਿਆ ਹੈ?

ਕਿਰਪਾ ਕਰਕੇ ਸਾਨੂੰ ਆਪਣਾ ਸਭ ਤੋਂ ਹਾਲੀਆ ਪਿਛਲਾ ਨਾਮ ਦੱਸੋ (ਵਿਕਲਪਿਕ)।

ਕਿਰਪਾ ਕਰਕੇ ਸਾਨੂੰ ਉਹ ਮਿਤੀ ਦੱਸੋ ਜਦੋਂ ਤੁਸੀਂ ਆਪਣਾ ਨਾਮ ਬਦਲਿਆ ਸੀ (ਵਿਕਲਪਿਕ)।

ਦਿ ਦਿ ਮ ਮ ਸਾ ਸਾ ਸਾ ਸਾ

(ਹੋਰ ਜਾਣਕਾਰੀ ਪੰਨਾ 4 'ਤੇ)

## 7 ਪੋਸਟ ਜਾਂ ਪ੍ਰੌਕਸੀ ਦੁਆਰਾ ਵੋਟਿੰਗ?

ਕਿਰਪਾ ਕਰਕੇ ਸਹੀ ਦਾ ਨਿਸ਼ਾਨ ਲਗਾ ਕੇ ਦੱਸੋ ਕਿ ਤੁਸੀਂ ਕਿਵੇਂ ਵੋਟ ਪਾਉਣੀ ਚਾਹੁੰਦੇ ਹੋ ਅਤੇ ਅਸੀਂ ਤੁਹਾਨੂੰ ਇੱਕ ਬਿਨੈਪੱਤਰ ਭੇਜਾਂਗੇ, ਜਾਂ ਤੁਸੀਂ **electoralcommission.org.uk/voter** ਤੋਂ ਬਿਨੈਪੱਤਰ ਡਾਊਨਲੋਡ ਕਰ ਸਕਦੇ ਹੋ। ਜੇ ਤੁਸੀਂ ਕਿਸੇ ਪੋਲਿੰਗ ਸਟੇਸ਼ਨ 'ਤੇ ਵਿਅਕਤੀਗਤ ਤੌਰ' ਤੇ ਵੋਟ ਪਾਉਣ ਦਾ ਇਰਾਦਾ ਰੱਖਦੇ ਹੋ ਤਾਂ ਇਹ ਭਾਗ ਖਾਲੀ ਛੱਡ ਦਿੱਤਾ ਜਾਣਾ ਚਾਹੀਦਾ ਹੈ।

☐ ਡਾਕ ਦੁਆਰਾ ☐ ਪ੍ਰੌਕਸੀ ਦੁਆਰਾ (ਤੁਹਾਡੇ ਵੱਲੋਂ ਕੋਈ ਹੋਰ ਵੋਟ ਪਾਏਗਾ)

## 8 ਖੁੱਲ੍ਹਾ ਰਜਿਸਟਰ

ਖੁੱਲ੍ਹਾ ਰਜਿਸਟਰ ਚੋਣ ਰਜਿਸਟਰ ਵਿੱਚੋਂ ਕੱਢਿਆ ਗਿਆ ਹੁੰਦਾ ਹੈ, ਪਰ ਇਸਨੂੰ ਚੋਣਾਂ ਲਈ ਨਹੀਂ ਵਰਤਿਆ ਜਾਂਦਾ। ਇਹ ਕਿਸੇ ਦੁਆਰਾ ਵੀ ਖਰੀਦਿਆ ਜਾ ਸਕਦਾ ਹੈ ਅਤੇ ਨਾਮ ਅਤੇ ਪਤੇ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਅਤੇ ਮਾਰਕੀਟਿੰਗ ਉਦੇਸ਼ਾਂ ਦਾ ਮਾਰਗ ਦਰਸ਼ਨ ਕਰਨ ਸਮੇਤ ਬਹੁਤ ਸਾਰੇ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ।

ਜੇ ਤੁਸੀਂ ਆਪਣਾ ਨਾਮ ਅਤੇ ਪਤਾ ਖੁੱਲ੍ਹੇ ਰਜਿਸਟਰ ਵਿੱਚ ਸ਼ਾਮਲ ਨਹੀਂ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਹੀ ਦਾ ਨਿਸ਼ਾਨ ਲਗਾਓ ☐

(ਹੋਰ ਜਾਣਕਾਰੀ ਪੰਨਾ 4 'ਤੇ)

## 9 ਕੀ ਤੁਹਾਨੂੰ ਆਪਣੀ ਰਾਸ਼ਟਰੀਅਤਾ, ਜਨਮ ਮਿਤੀ ਜਾਂ ਨੈਸ਼ਨਲ ਇੰਸ਼ੋਰੈਂਸ ਨੰਬਰ ਪਤਾ ਨਹੀਂ ਹੈ? ਕਿਰਪਾ ਕਰਕੇ ਸਾਨੂੰ ਦੱਸੋ ਕਿ ਕਿਉਂ

ਜੇ ਤੁਸੀਂ ਇਹ ਵੇਰਵੇ ਮੁਹੱਈਆ ਨਹੀਂ ਕਰ ਸਕਦੇ ਹੋ ਤਾਂ ਤੁਹਾਡੀ ਅਰਜ਼ੀ 'ਤੇ ਪ੍ਰਕਿਰਿਆ ਕਰਨ ਤੋਂ ਪਹਿਲਾਂ ਅਸੀਂ ਤੁਹਾਡੇ ਤੋਂ ਹੋਰ ਸਬੂਤ ਮੰਗ ਸਕਦੇ ਹਾਂ।

## 10 ਘੋਸ਼ਣਾ

ਮੈਂ ਇਸ ਸਮੇਂ ਇਸ ਪਤੇ 'ਤੇ ਰਹਿੰਦਾ/ਰਹਿੰਦੀ ਹਾਂ। ਮੇਰੀ ਬੇਹਤਰੀਨ ਜਾਣਕਾਰੀ ਦੇ ਅਨੁਸਾਰ, ਇਸ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ ਸੱਚ ਹੈ।
ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਫਾਰਮ ਵਿੱਚ ਮੈਂ ਜੋ ਜਾਣਕਾਰੀ ਦਿੱਤੀ ਹੈ ਉਸਨੂੰ ਚੋਣਾਂ ਸਬੰਧੀ ਰਜਿਸਟਰ 'ਤੇ ਵਰਤਿਆ ਜਾਵੇਗਾ।
ਮੈਂ ਸਮਝਦਾ/ਸਮਝਦੀ ਹਾਂ ਕਿ ਜਦੋਂ ਅਜਿਹਾ ਕਰਨ ਦੀ ਲੋੜ ਹੁੰਦੀ ਹੈ ਅਤੇ ਜੇ ਮੈਂ ਰਜਿਸਟ੍ਰੇਸ਼ਨ ਲਈ ਦਰਖਾਸਤ ਨਹੀਂ ਦਿੰਦਾ/ਦਿੰਦੀ ਹਾਂ ਤਾਂ ਮੇਰੇ 'ਤੇ £80 ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਫਾਰਮ ਵਿੱਚ ਜਾਣ-ਬੁੱਝ ਕੇ ਗਲਤ ਜਾਣਕਾਰੀ ਦੇਣਾ ਇੱਕ ਅਪਰਾਧ ਹੈ ਅਤੇ ਜੇ ਮੈਂ ਦੋਸ਼ੀ ਪਾਇਆ ਜਾਂਦਾ ਹਾਂ ਤਾਂ ਮੈਨੂੰ ਛੇ ਮਹੀਨੇ ਤੱਕ ਦੀ ਜੇਲ੍ਹ ਹੋ ਸਕਦੀ ਹੈ ਅਤੇ/ਜਾਂ ਮੇਰੇ 'ਤੇ ਅਸੀਮਿਤ ਜੁਰਮਾਨਾ ਲਗਾਇਆ ਜਾ ਸਕਦਾ ਹੈ।

**ਦਸਤਖਤ**

**ਅੱਜ ਦੀ ਮਿਤੀ**

ਦਿ ਦਿ ਮ ਮ ਸਾ ਸਾ ਸਾ ਸਾ

ਜੇ ਤੁਹਾਨੂੰ ਇਹ ਫਾਰਮ ਭਰਨ ਵਿੱਚ ਮਦਦ ਚਾਹੀਦੀ ਹੈ ਤਾਂ ਕਿਰਪਾ ਕਰਕੇ ਪੰਨਾ 1 'ਤੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ।

*( Barcode goes here)*

## ਤੁਹਾਡੀ ਰਾਸ਼ਟਰੀਅਤਾ

ਤੁਸੀਂ ਯੂਕੇ ਵਿੱਚ ਵੋਟ ਪਾਉਣ ਲਈ ਸਿਰਫ ਤਾਂ ਰਜਿਸਟਰ ਹੋ ਸਕਦੇ ਹੋ ਜੇ ਤੁਸੀਂ ਬ੍ਰਿਟਿਸ਼ (ਅੰਗਰੇਜ਼ੀ, ਸਕਾਟਿਸ਼, ਵੈਲਸ਼ ਜਾਂ ਉੱਤਰੀ ਆਇਰਲੈਂਡ ਸਮੇਤ), ਆਇਰਿਸ਼ ਜਾਂ ਯੂਰਪੀ ਯੂਨਿਅਨ ਦੇ ਨਾਗਰਿਕ ਹੋ, ਜਾਂ ਅਜਿਹੇ ਕਾਮਨਵੈਲਥ ਨਾਗਰਿਕ ਹੋ ਜਿਸ ਨੂੰ ਯੂਕੇ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਮਿਲੀ ਹੋਈ ਹੈ ਜਾਂ ਅਜਿਹੀ ਇਜਾਜ਼ਤ ਦੀ ਲੋੜ ਨਹੀਂ ਹੈ। ਸਾਨੂੰ ਤੁਹਾਡੀ ਰਾਸ਼ਟਰੀਅਤਾ ਦੇ ਵਾਧੂ ਸਬੂਤ ਦੀ ਲੋੜ ਹੋ ਸਕਦੀ ਹੈ ਜਾਂ ਅਸੀਂ ਸਰਕਾਰੀ ਰਿਕਾਰਡਾਂ ਵਿੱਚ ਤੁਹਾਡੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦਰਜੇ ਦੀ ਜਾਂਚ ਕਰ ਸਕਦੇ ਹਾਂ। ਜੇ ਤੁਹਾਡੇ ਕੋਲ ਇੱਕ ਤੋਂ ਵੱਧ ਰਾਸ਼ਟਰੀਅਤਾ ਹੈ, ਤਾਂ ਕਿਰਪਾ ਕਰਕੇ ਉਹਨਾਂ ਸਭ ਨੂੰ ਸ਼ਾਮਲ ਕਰੋ।

## ਤੁਹਾਡੀ ਜਨਮ ਮਿਤੀ

ਜੇ ਤੁਹਾਨੂੰ ਆਪਣੀ ਜਨਮ ਮਿਤੀ ਪਤਾ ਨਹੀਂ ਹੈ ਤਾਂ ਕਿਰਪਾ ਕਰਕੇ ਉਹ ਮਿਤੀ ਦਿਓ ਜੋ ਤੁਸੀਂ ਸਰਕਾਰੀ ਦਸਤਾਵੇਜ਼ਾਂ 'ਤੇ ਪਾਉਂਦੇ ਹੋ (ਉਦਾਹਰਨ ਲਈ, ਤੁਹਾਡਾ ਪਾਸਪੋਰਟ ਜਾਂ ਡ੍ਰਾਈਵਿੰਗ ਲਾਇਸੈਂਸ) ਜਾਂ ਖ਼ਾਨਿਆਂ ਵਿੱਚੋਂ ਇੱਕ 'ਤੇ ਸਹੀ ਦਾ ਨਿਸ਼ਾਨ ਲਗਾਓ। ਤੁਹਾਡੀ ਜਨਮ ਮਿਤੀ ਤੁਹਾਡੀ ਪਛਾਣ ਕਰਦੀ ਹੈ, ਵੋਟ ਪਾਉਣ ਲਈ ਤੁਹਾਡੀ ਯੋਗਤਾ ਦੀ ਪੁਸ਼ਟੀ ਕਰਦੀ ਹੈ ਅਤੇ ਤੁਹਾਨੂੰ ਜਿਊਰੀ ਸੇਵਾ ਵਾਸਤੇ ਬੁਲਾਉਣ ਲਈ ਵਰਤੀ ਜਾ ਸਕਦੀ ਹੈ।

## ਕੀ ਤੁਸੀਂ ਆਪਣਾ ਨਾਮ ਬਦਲਿਆ ਹੈ?

ਉਦਾਹਰਨ ਲਈ, ਹੋ ਸਕਦਾ ਹੈ ਤੁਸੀਂ ਵਿਆਹ ਕਰਵਾ ਕੇ ਆਪਣਾ ਨਾਮ ਬਦਲ ਲਿਆ ਹੋਵੇ। ਆਪਣੇ ਨਾਮ ਬਦਲਣ ਦੇ ਵੇਰਵੇ ਸਾਨੂੰ ਦੇਣਾ ਤੁਹਾਡੇ ਲਈ ਜ਼ਰੂਰੀ ਨਹੀਂ ਹੈ, ਪਰ ਇਸ ਨਾਲ ਸਾਨੂੰ ਤੁਹਾਡੀ ਪਛਾਣ ਕਰਨ ਵਿੱਚ ਮਦਦ ਮਿਲਦੀ ਹੈ। ਜੇ ਇਹ ਜਾਣਕਾਰੀ ਨਹੀਂ ਦਿੱਤੀ ਜਾਂਦੀ ਹੈ ਤਾਂ ਤੁਹਾਨੂੰ ਵਾਧੂ ਦਸਤਾਵੇਜ਼ੀ ਸਬੂਤ ਮੁਹੱਈਆ ਕਰਨ ਦੀ ਲੋੜ ਪੈ ਸਕਦੀ ਹੈ।

## ਖੁੱਲ੍ਹਾ ਰਜਿਸਟਰ

**ਦੋ ਰਜਿਸਟਰ ਹੁੰਦੇ ਹਨ। ਕਿਉਂ?** ਜਨਤਾ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਦੇ ਹੋਏ, ਰਜਿਸਟ੍ਰੇਸ਼ਨ ਅਫ਼ਸਰ ਦੋ ਰਜਿਸਟਰ ਰੱਖਦੇ ਹਨ - ਚੋਣ ਰਜਿਸਟਰ ਅਤੇ ਖੁੱਲ੍ਹਾ ਰਜਿਸਟਰ (ਇਸਨੂੰ ਸੰਪਾਦਿਤ ਰਜਿਸਟਰ ਵੀ ਕਿਹਾ ਜਾਂਦਾ ਹੈ)।

**ਚੋਣ ਰਜਿਸਟਰ** ਵਿੱਚ ਉਸ ਹਰੇਕ ਵਿਅਕਤੀ ਦਾ ਨਾਮ ਅਤੇ ਪਤਾ ਹੁੰਦਾ ਹੈ ਜੋ ਜਨਤਕ ਚੋਣਾਂ ਵਿੱਚ ਵੋਟ ਪਾਉਣ ਲਈ ਰਜਿਸਟਰਡ ਹੈ। ਇਸ ਰਜਿਸਟਰ ਨੂੰ ਚੋਣ ਦੇ ਉਦੇਸ਼ਾਂ ਲਈ ਵਰਤਿਆ ਜਾਂਦਾ ਹੈ, ਜਿਵੇਂ ਕਿ ਯਕੀਨੀ ਬਣਾਉਣਾ ਕਿ ਸਿਰਫ ਯੋਗ ਲੋਕ ਹੀ ਵੋਟ ਪਾ ਸਕਣ। ਇਸਨੂੰ ਕਨੂੰਨ ਵਿੱਚ ਦਿੱਤੇ ਗਏ ਹੋਰ ਸੀਮਿਤ ਉਦੇਸ਼ਾਂ ਲਈ ਵੀ ਵਰਤਿਆ ਜਾਂਦਾ ਹੈ, ਜਿਵੇਂ ਕਿ:

- ਅਪਰਾਧ ਦਾ ਪਤਾ ਲਗਾਉਣਾ (ਉਦਾਹਰਨ ਲਈ ਧੋਖਾਧੜੀ)
- ਲੋਕਾਂ ਨੂੰ ਜਿਊਰੀ ਸੇਵਾ ਲਈ ਬੁਲਾਉਣਾ
- ਉਧਾਰ ਲਈ ਦਰਖਾਸਤਾਂ ਦੀ ਜਾਂਚ ਕਰਨੀ।

**ਖੁੱਲ੍ਹਾ ਰਜਿਸਟਰ** ਚੋਣ ਰਜਿਸਟਰ ਵਿੱਚੋਂ ਕੱਢਿਆ ਗਿਆ ਹੁੰਦਾ ਹੈ, ਪਰ ਇਸਨੂੰ ਚੋਣਾਂ ਲਈ ਨਹੀਂ ਵਰਤਿਆ ਜਾਂਦਾ। ਇਸਨੂੰ ਕਿਸੇ ਵੀ ਵਿਅਕਤੀ, ਕੰਪਨੀ ਜਾਂ ਸੰਗਠਨ ਦੁਆਰਾ ਖਰੀਦਿਆ ਜਾ ਸਕਦਾ ਹੈ। ਉਦਾਹਰਨ ਲਈ, ਇਸਨੂੰ ਕਾਰੋਬਾਰਾਂ ਅਤੇ ਚੈਰਿਟੀਆਂ ਦੁਆਰਾ ਨਾਮ ਅਤੇ ਪਤੇ ਦੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ। ਤੁਹਾਡਾ ਨਾਮ ਅਤੇ ਪਤਾ ਖੁੱਲ੍ਹੇ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ, ਜਦੋਂ ਤੱਕ ਕਿ ਤੁਸੀਂ ਇਸਨੂੰ ਹਟਾਏ ਜਾਣ ਲਈ ਨਹੀਂ ਕਹਿੰਦੇ। ਖੁੱਲ੍ਹੇ ਰਜਿਸਟਰ ਤੋਂ ਤੁਹਾਡਾ ਵੇਰਵਾ ਹਟਾਉਣਾ ਤੁਹਾਡੇ ਵੋਟ ਪਾਉਣ ਦੇ ਹੱਕ ਨੂੰ ਪ੍ਰਭਾਵਿਤ ਨਹੀਂ ਕਰਦਾ।

ਜੇ ਤੁਸੀਂ ਫਿਕਰਮੰਦ ਹੋ ਕਿ ਰਜਿਸਟਰ ਵਿੱਚ ਤੁਹਾਡਾ ਨਾਮ ਜਾਂ ਪਤਾ ਹੋਣ ਨਾਲ ਤੁਹਾਡੀ ਸੁਰੱਖਿਆ 'ਤੇ ਅਸਰ ਪੈ ਸਕਦਾ ਹੈ, ਤਾਂ ਤੁਹਾਡੇ ਲਈ ਹੋਰ ਵਿਕਲਪ ਉਪਲਬਧ ਹੋ ਸਕਦੇ ਹਨ। ਕੁਝ ਖਾਸ ਹਾਲਤਾਂ ਵਿੱਚ, ਤੁਸੀਂ ਆਪਣਾ ਨਾਮ ਅਤੇ ਪਤਾ ਰਜਿਸਟਰ 'ਤੇ ਦਿਖਾਏ ਬਿਨਾਂ ਰਜਿਸਟਰ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, ਆਪਣੇ ਚੋਣ ਰਜਿਸਟ੍ਰੇਸ਼ਨ ਦਫ਼ਤਰ ਨਾਲ ਸੰਪਰਕ ਕਰੋ। ਤੁਹਾਨੂੰ ਉਹਨਾਂ ਦਾ ਪਤਾ ਇਸ ਫਾਰਮ ਦੇ ਪੰਨਾ 1 'ਤੇ ਮਿਲ ਸਕਦਾ ਹੈ। ਦੋਵੇਂ ਰਜਿਸਟਰਾਂ ਬਾਰੇ ਅਤੇ ਇਹਨਾਂ ਨੂੰ ਕਿਵੇਂ ਵਰਤਿਆ ਜਾ ਸਕਦਾ ਹੈ, ਬਾਰੇ ਵਧੇਰੇ ਜਾਣਕਾਰੀ ਤੁਹਾਨੂੰ **gov.uk/register-to-vote** 'ਤੇ ਮਿਲ ਸਕਦੀ ਹੈ।

## ਗੁਪਤਤਾ ਕਥਨ

ਅਸੀਂ ਲੋਕ ਹਿਤ ਵਿੱਚ ਕੀਤੇ ਗਏ ਕਿਸੇ ਕੰਮ ਦੇ ਕਾਨੂੰਨੀ ਅਧਾਰ ਦੇ ਤਹਿਤ ਜਾਣਕਾਰੀ ਇਕੱਤਰ ਕਰਦੇ ਹਾਂ, ਜਿਵੇਂ ਕਿ ਲੋਕ ਪ੍ਰਤੀਨਿਧਤਾ ਐਕਟ 1983 ਅਤੇ ਇਸ ਨਾਲ ਸਬੰਧਤ ਨਿਯਮਾਂ ਵਿਚ ਦੱਸਿਆ ਗਿਆ ਹੈ। ਅਸੀਂ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਢੰਗ ਨਾਲ ਰੱਖਾਂਗੇ ਅਤੇ ਡੇਟਾ ਸੁਰੱਖਿਆ ਕਾਨੂੰਨ ਦੀ ਪਾਲਣਾ ਕਰਾਂਗੇ।

ਜੇ ਤੁਸੀਂ ਖੁੱਲ੍ਹੇ ਰਜਿਸਟਰ ਦੀ ਚੋਣ ਨਹੀਂ ਕੀਤੀ ਹੈ ਤਾਂ ਅਸੀਂ ਸਿਰਫ ਉਸ ਜਾਣਕਾਰੀ ਦੀ ਵਰਤੋਂ ਕਰਾਂਗੇ ਜੋ ਤੁਸੀਂ ਸਾਨੂੰ ਚੋਣਾਂ ਦੇ ਉਦੇਸ਼ਾਂ ਲਈ ਦਿੰਦੇ ਹੋ, ਇਸ ਵਿੱਚ ਜਾਣਕਾਰੀ ਨੂੰ ਚੋਣ ਰਜਿਸਟਰ ਦੇ ਸਮਰਥਨ ਲਈ ਹੋਰ ਸਰੋਤਾਂ ਨਾਲ ਮਿਲਾਣਾ ਸ਼ਾਮਲ ਹੈ ਅਸੀਂ ਕਿਸੇ ਹੋਰ ਨੂੰ ਨਿੱਜੀ ਜਾਣਕਾਰੀ ਨਹੀਂ ਦੇਵਾਂਗੇ, ਜਦ ਤੱਕ ਕਿ ਸਾਨੂੰ ਇਸ ਤਰ੍ਹਾਂ ਕਾਨੂੰਨ ਦੇ ਅਧੀਨ ਨਾ ਕਰਨਾ ਪਵੇ। ਜਦੋਂ ਤੁਸੀਂ ਕ੍ਰੈਡਿਟ ਲਈ ਅਰਜ਼ੀ ਦਿੰਦੇ ਹੋ ਤਾਂ ਤੁਹਾਡੀ ਪਛਾਣ ਦੀ ਜਾਂਚ ਕਰਨ ਲਈ ਕਨੂੰਨ ਸਾਡੇ ਕੋਲੋਂ ਤੁਹਾਡੀ ਜਾਣਕਾਰੀ ਉਮੀਦਵਾਰਾਂ, ਰਾਜਨੀਤਿਕ ਪਾਰਟੀਆਂ ਅਤੇ ਚੋਣ ਪ੍ਰਚਾਰਕਾਂ ਨਾਲ ਲੋਕਤੰਤਰੀ ਰੁਝੇਵਿਆਂ ਦੇ ਉਦੇਸ਼ਾਂ ਅਤੇ ਕ੍ਰੈਡਿਟ ਰੈਫਰੈਂਸ ਏਜੰਸੀਆਂ ਨਾਲ ਸਾਂਝੇ ਕਰਨ ਦੀ ਮੰਗ ਕਰਦਾ ਹੈ।

ਜੇ ਤੁਸੀਂ ਖੁੱਲ੍ਹੇ ਰਜਿਸਟਰ ਵਿੱਚ ਆਪਣੀ ਨਾਮਜ਼ਦਗੀ ਤੋਂ ਇਨਕਾਰ ਨਹੀਂ ਕੀਤਾ ਹੈ ਤਾਂ ਤੁਹਾਡਾ ਨਾਮ ਅਤੇ ਪਤਾ ਕੋਈ ਵੀ ਖਰੀਦ ਸਕਦਾ ਹੈ ਅਤੇ ਸਿੱਧੇ ਮਾਰਕੀਟਿੰਗ ਸਮੇਤ ਬਹੁਤ ਸਾਰੇ ਉਦੇਸ਼ਾਂ ਲਈ ਇਸਤੇਮਾਲ ਕਰ ਸਕਦਾ ਹੈ।

ਚੋਣ ਰਜਿਸਟ੍ਰੇਸ਼ਨ ਅਫ਼ਸਰ ਨਿਯੰਤਰਕ ਹੈ: ਉਹਨਾਂ ਕੋਲ ਨੀਤੀ ਦਸਤਾਵੇਜ਼ ਹੋਣਾ ਚਾਹੀਦਾ ਹੈ ਜਿਸ ਨੂੰ ਗੋਪਨੀਅਤਾ ਨੋਟਿਸ ਵਜੋਂ ਜਾਣਿਆ ਜਾਂਦਾ ਹੈ, ਜਿਸ ਵਿੱਚ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਉਹ ਨਿੱਜੀ ਡਾਟਾ 'ਤੇ ਕਿਵੇਂ ਕਾਰਵਾਈ ਕਰਦੇ ਹਨ। «Web 2» 'ਤੇ ਗੋਪਨੀਅਤਾ ਨੋਟਿਸ ਦੇਖੋ ਜਾਂ ਕਾੱਪੀ ਦੀ ਬੇਨਤੀ ਕਰਨ ਲਈ ਸਾਡੇ ਨਾਲ ਸੰਪਰਕ ਕਰੋ। «ERO name» «ERO address» «ERO telephone»

## ਫਾਰਮ ਸਬੰਧੀ ਦਿੱਕਤਾਂ ਹਨ?

**ਜੇ ਤੁਹਾਨੂੰ ਇਸ ਫਾਰਮ ਨੂੰ ਸਮਝਣ ਜਾਂ ਭਰਨ ਵਿੱਚ ਕਿਸੇ ਵੀ ਮਦਦ ਦੀ ਲੋੜ ਹੋਵੇ - ਜਾਂ ਤੁਹਾਨੂੰ ਇਹ ਫਾਰਮ ਵੱਡੇ ਅੱਖਰਾਂ ਵਿੱਚ ਪ੍ਰਿੰਟ ਕੀਤਾ ਜਾਂ ਕਿਸੇ ਹੋਰ ਰੂਪ ਵਿੱਚ ਚਾਹੀਦਾ ਹੋਵੇ ਤਾਂ ਆਪਣੇ ਚੋਣ ਰਜਿਸਟ੍ਰੇਸ਼ਨ ਅਫ਼ਸਰ ਨਾਲ ਸੰਪਰਕ ਕਰੋ। ਤੁਸੀਂ ਉਹਨਾਂ ਦਾ ਵੇਰਵਾ ਇਸ ਫਾਰਮ ਦੇ ਪੰਨਾ 1 'ਤੇ ਦੇਖ ਸਕਦੇ ਹੋ।**

*( Barcode goes here)*